**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ**
**ਐਸ.ਸੀ.ਓ 104-106, ਦੂਜੀ ਅਤੇ ਤੀਜੀ ਮੰਜ਼ਿਲ,**
**ਸੈਕਟਰ-34 ਏ, ਚੰਡੀਗੜ੍ਹ ।**

ਸੇਵਾ ਵਿਖੇ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ:ਸਿ:)

ਪੰਜਾਬ ।

ਮੀਮੋ ਨੰ: ਏ.ਐਸ.ਪੀ.ਡੀ.(ਪ੍ਰੋਕ)/ਐਸ.ਐਸ.ਏ/09/ 022306

ਮਿਤੀ: ਚੰਡੀਗੜ੍ਹ: 06-01-2010

ਵਿਸ਼ਾ :- ਬੇਕਾਰ ਪਏ ਫਾਰਮਾਂ / ਡਾਈਸ ਬੁੱਕ ਲੈਟਸ ਦੇ ਨਿਪਟਾਰੇ ਸਬੰਧੀ ।

ਹਵਾਲ ਨੰ: ਮੀਮੋ ਨੰ: ਏ.ਐਸ.ਪੀ.ਡੀ.(ਪ੍ਰੋਕ)/ਐਸ.ਐਸ.ਏ/09/ 70414-70433

ਮਿਤੀ ਚੰਡੀਗੜ੍ਹ: 06 ਅਕਤੂਬਰ, 2009

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2.0 ਮਿਤੀ 17-09-2009 ਨੂੰ ਮੁੱਖ ਦਫਤਰ ਵਿਖੇ ਹੋਈ ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਦੀ ਮੀਟਿੰਗ ਦੌਰਾਨ ਆਮ ਤੌਰ ਤੇ ਸਾਰੇ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਇਹ ਮੁੱਦਾ ਉਠਾਇਆ ਗਿਆ ਸੀ ਕਿ ਉਹਨਾਂ ਦੇ ਦਫਤਰਾਂ ਵਿੱਚ ਸਰਵ ਸਿੱਖਿਆ ਅਭਿਆਨ ਤਹਿਤ ਕੁੱਝ ਸਾਲ ਪਹਿਲਾਂ ਆਉਟ ਆਫ ਸਕੂਲ ਚਿਲਡ੍ਰਨ ਲਈ ਘਰ ਘਰ ਜਾ ਕੇ ਸਰਵੇ ਕਰਵਾਇਆ ਗਿਆ ਸੀ । ਇਸ ਸਰਵੇ ਨਾਲ ਸਬੰਧਤ ਸਾਰੇ ਕਾਗਜ ਉਹਨਾਂ ਦੇ ਦਫਤਰ ਵਿੱਚ ਸੰਭਾਲ ਕੇ ਰੱਖੇ ਗਏ ਹਨ । ਇਹ ਗੱਲ ਧਿਆਨ ਵਿੱਚ ਆਈ ਹੈ ਕਿ ਸਰਵੇ ਉਪਰੰਤ ਯੋਗ ਕਾਰਵਾਈ ਸਾਰੇ ਜ਼ਿਲ੍ਹਿਆਂ ਵਿੱਚ ਕੀਤੀ ਜਾ ਰਹੀਂ ਹੈ । ਇਸ ਰਿਕਾਰਡ ਨੂੰ ਉਹਨਾਂ ਵੱਲੋਂ ਕੰਪਿਊਟਰ ਦੇ ਵਿੱਚ ਡਾਟਾ ਐਂਟਰੀ ਵੀ ਕਰਵਾਈ ਗਈ ਹੈ । ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਇਹ ਗੱਲ ਵੀ ਧਿਆਨ ਵਿੱਚ ਲਿਆਂਦੀ ਗਈ ਹੈ ਕਿ ਇਸ ਰਿਕਾਰਡ ਦੀ ਵਜ੍ਹਾਂ ਕਰਕੇ ਉਹਨਾਂ ਦੇ ਦਫ਼ਤਰ ਵਿੱਚ ਬਹੁਤ ਜ਼ਿਆਦਾ ਜਗ੍ਹਾ ਰੋਕੀ ਗਈ ਹੈ ਅਤੇ ਕਰਮਚਾਰੀਆਂ ਦੇ ਲਈ ਜਗ੍ਹਾ ਮੁਹੱਈਆਂ ਕਰਵਾਉਣ ਵਿੱਚ ਬਹੁਤ ਜ਼ਿਆਦਾ ਦਿੱਕਤ ਪੇਸ਼ ਆ ਰਹੀਂ ਹੈ ।

3.0 ਇਸੀ ਤਰ੍ਹਾਂ ਡਾਈਸ ਨਾਲ ਸਬੰਧਤ ਬੁੱਕ ਲੈਟਸ ਕਾਫੀ ਮਾਤਰਾ ਵਿੱਚ ਪਈਆਂ ਹਨ ਜਿਹਨਾ ਤੋਂ ਲੋੜੀਂਦਾ ਡਾਟਾ ਇੱਕਤਰ ਕਰਕੇ ਸਾਫਟ ਵੇਅਰ ਵਿੱਚ ਪਾ ਦਿੱਤਾ ਗਿਆ ਹੈ । ਇਹ ਵੀ ਦੱਸਿਆ ਗਿਆ ਕਿ ਇਨ੍ਹਾਂ ਫਾਰਮਾਂ ਅਤੇ ਬੁੱਕ ਲੈੱਟਸ ਨੇ ਦਫਤਰਾਂ ਵਿੱਚ ਕਾਫੀ ਜਗ੍ਹਾਂ ਰੋਕੀ ਗਈ ਹੈ ।

4.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਦੁਆਰਾ ਦਿੱਤੇ ਗਏ ਸੁਝਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਇਆ ਇਹ ਫੈਸਲਾ ਕੀਤਾ ਗਿਆ ਹੈ ਕਿ ਇਹਨਾਂ ਫਾਰਮਾਂ /ਬੁੱਕ ਲੈੱਟਸ ਦਾ ਸਰਕਾਰੀ ਹਦਾਇਤਾਂ ਅਨੁਸਾਰ

ਨਿਪਟਾਰਾ ਕਰਨ ਲਈ ਜ਼ਿਲ੍ਹਾ ਸਿੱਖਿਆ ਅਫਸਰ (ਐ:ਸਿ:) ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪੱਧਰ ਤੇ ਕਮੇਟੀ ਬਣਾਈ ਜਾਵੇ ਅਤੇ ਜੋ ਕਿ ਨਿਯਮਾਂ ਅਤੇ ਯੋਗ ਪ੍ਰੋਸੀਜਰ ਅਪਣਾਉਂਦੇ ਹੋਏ ਇਸ ਰਿਕਾਰਡ ਨੂੰ ਡਿਸਪੋਜ਼ ਆਫ ਕਰਨ ਲਈ ਲੋੜੀਂਦੀ ਕਾਰਵਾਈ ਕਰੇਗੀ ।

5.0 ਇਹਨਾਂ ਫਾਰਮਾਂ / ਬੁੱਕ ਲੈੱਟਸ ਦੀ ਨਿਲਾਮੀ ਰਾਹੀਂ ਜੋ ਰਕਮ ਪ੍ਰਾਪਤ ਹੋਵੇਗੀ, ਉਹ ਨਿਯਮਾਂ ਅਨੁਸਾਰ ਸਰਵ ਸਿੱਖਿਆ ਅਭਿਆਨ ਦੇ ਸਬੰਧਤ ਰਸੀਦ ਹੈੱਡ ਵਿੱਚ ਜਮ੍ਹਾਂ ਕਰਵਾਈ ਜਾਵੇਗੀ ।

6.0 ਮੁੱਖ ਦਫਤਰ ਨੂੰ ਹੇਠ ਲਿਖੇ ਪ੍ਰੋਫਾਰਮੇ ਵਿੱਚ ਲੋੜੀਂਦੀ ਸੂਚਨਾ ਵੀ ਭੇਜੀ ਜਾਵੇ ਜੀ:-

| ਲੜੀ ਨੰ: | ਵੇਚੀ ਰੱਦੀ ਦਾ ਕੁੱਲ ਵਜਨ | ਵੇਚੀ ਰੱਦੀ ਦਾ ਰੇਟ | ਬੋਲੀ ਕਰਤਾ ਵੱਲੋਂ ਜਮਾਂ ਕਰਵਾਈ ਰਕਮ | | ਐਸ.ਐਸ.ਏ. ਦੇ ਖਾਤੇ ਵਿੱਚ ਜਮ੍ਹਾਂ ਕਰਵਾਈ ਰਕਮ | | ਵਿਸ਼ੇਸ਼ ਕਥਨ |
|---|---|---|---|---|---|---|---|
| | | | ਮਿਤੀ | ਰਕਮ | ਮਿਤੀ | ਰਕਮ | |

7.0 ਇਹਨਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ ਜੀ ।

ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ